ਮੌਰੀਸ਼ਸ ਵਿਚ ਫਸੇ ਪੰਜਾਬੀ ਨੌਜਵਾਨ ਦੀ ਸੁਰੱਖਿਅਤ ਵਤਨ ਵਾਪਸੀ

ਟੂਰਿਸਟਾਂ ਦੀ ਆੜ੍ਹ ਹੇਠ ਟਰੈਵਲ ਏਜੰਟ ਕਰਦੇ ਹਨ ਮਨੁੱਖੀ ਤਸਕਰੀ : ਸੰਤ ਸੀਚੇਵਾਲ

ਸੁਲਤਾਨਪੁਰ ਲੋਧੀ, 6 ਜੂਨ (ਇੰਦਰਜੀਤ ਚਾਹਲ) : ਯੂਰਪ ਦੇ ਦੇਸ਼ ਮੌਰੀਸ਼ਸ ਦੀ ਜੇਲ੍ਹ 'ਚੋਂ ਵਾਪਸ ਆਏ ਲੁਧਿਆਣੇ ਦੇ ਜਸਵਿੰਦਰ ਸਿਘ ਨੇ ਦਾਅਵਾ ਕੀਤਾ ਕਿ ਟਰੈਵਲ ਏਜੰਟ ਟੂਰਿਸਟਾਂ ਦੀ ਆੜ੍ਹ ਹੇਠ ਮਨੁੱਖੀ ਤਸਕਰੀ ਦਾ ਵੱਡਾ ਧੰਦਾ ਕਰਦੇ ਹਨ। ਨਿਕਲਜ਼ ਬੁਟੀਆਂ ਸੁਲਤਾਨਪੁਰ ਲੋਧੀ ਵਿਖੇ ਪਰਵਾਰ ਸਮੇਤ ਰਾਜ ਸਭਾ ਮੈਂਬਰ ਸੰਤ ਬਲਬੀਰ ਸਿਘ ਸੀਚੇਵਾਲ ਦਾ ਧਨਵਾਦ ਕਰਨ ਲਈ ਪਹੁੰਚੇ ਜਸਵਿੰਦਰ ਸਿਘ ਨੇ ਦਸਿਆ ਕਿ ਉਹ ਪਿਛਲੇ ਸਾਲ ਜਨਵਰੀ ਵਿਚ ਮੌਰੀਸ਼ਸ ਗਿਆ ਸੀ। ਜਿੱਥੇ ਦਾ ਵੀਜ਼ਾ ਉਥੇ ਪਹੁੰਚਣ 'ਤੇ ਐਅਰਪੋਰਟ 'ਤੇ ਹੀ ਮਿਲ ਜਾਂਦਾ ਹੈ। ਇਸੇ ਗੱਲ ਦਾ ਟਰੈਵਲ ਏਜੰਟ ਫਾਇਦਾ ਚੁੱਕਦੇ ਹਨ। ਜਸਵਿੰਦਰ ਸਿਘ ਨੇ ਦਸਿਆ ਕਿ ਏਜੰਟ ਸੈਲਾਨੀਆਂ ਨੂੰ ਹੀ ਨਿਸ਼ਾਨਾ ਬਣਾ ਰਹੇ ਹਨ। ਪੰਜਾਬੀਆਂ ਵਿਚ ਜਜਾਜ ਚੜ੍ਹਨ ਦੀ ਲਾਲਸਾ ਹੀ ਉਨ੍ਹਾਂ ਲਈ ਵੱਡੇ ਧੋਖੇ ਦਾ ਕਾਰਨ ਬਣਦੀ ਹੈ। ਉਸ ਨੇ ਦਸਿਆ ਕਿ ਉਹ ਵੀ ਜਨਵਰੀ 2025 ਵਿਚ ਟੂਰਿਸਟ ਵੀਜ਼ੇ 'ਤੇ ਮੌਰੀਸ਼ਸ ਗਿਆ ਸੀ। ਉਥੇ ਪਹੁੰਚਦਿਆਂ ਹੀ ਏਜੰਟ ਦੇ ਪ੍ਰਬੰਧਕਾਂ ਨੇ ਉਸ ਦਾ ਪਾਸਪੋਰਟ ਖੋਹ ਲਿਆ। ਟੂਰਿਸਟ ਵੀਜ਼ੇ ਨੂੰ ਵਰਕ ਵੀਜ਼ੇ ਵਿਚ ਬਦਲਣ ਦਾ ਏਜੰਟ ਨੇ ਲਾਰਾ ਲਾਈ ਰਖਿਆ। ਜਦੋਂ ਤਕ ਕੰਪਨੀ ਕੋਲ ਕੰਮ ਸੀ ਉਹ ਕੰਮ ਕਰਵਾਉਂਦੀ ਰਹੀ ਮਗਰੋਂ ਉਸਨੂੰ ਕੱਢ ਦਿਤਾ ਗਿਆ। ਕੰਪਨੀ ਵਿਚ ਕੰਮ ਮੁਕਣ ਤੋਂ ਬਾਅਦ ਉਸ ਨੂੰ ਪਾਸਪੋਰਟ ਵਾਪਸ ਕਰਨ ਤੋਂ ਇਨਕਾਰ ਕਰ ਦਿਤਾ ਗਿਆ, ਜਿਸ ਕਾਰਨ ਉਹ ਬਿਨਾਂ ਦਸਤਾਵੇਜ਼ਾਂ ਦੇ ਓਵਰ ਸਟੇਅ ਦੀ ਸਥਿਤੀ ਵਿਚ ਆ ਗਿਆ। ਇਸੇ ਦੌਰਾਨ ਸਥਾਨਕ ਪੁਲਿਸ ਵਲੋਂ ਉਸ ਨੂੰ ਪਿਆਸ ਵਿਚ ਲੈ ਲਿਆ ਗਿਆ ਅਤੇ ਲਗਭਗ 15 ਤੋਂ 20 ਦਿਨ ਤਕ ਉਸਦਾ ਅਪਣੇ ਪਰਵਾਰ ਨਾਲ ਸੰਪਰਕ ਵੀ ਟੁੱਟ ਗਿਆ। ਕੰਮ ਦੌਰਾਨ ਉਸਦਾ ਪਾਸਪੋਰਟ ਕੰਪਨੀ ਵਲੋਂ ਜ਼ਬਤ ਕਰ ਲਿਆ ਗਿਆ ਅਤੇ ਉਸ ਨੂੰ ਲਗਾਤਾਰ ਛੇ ਮਹੀਨੇ ਤਕ ਟੂਰਿਸਟ ਵੀਜ਼ਾ ਵਧਾ ਕੇ 14-14 ਘੰਟੇ ਕੰਮ ਕਰਵਾਇਆ ਜਾਂਦਾ ਰਿਹਾ। ਇਸ ਦੌਰਾਨ ਇਕ ਮਹੀਨੇ ਦੀ ਤਨਖ਼ਾਹ (ਲਗਭਗ 30 ਹਜ਼ਾਰ ਰੁਪਏ) ਵੀ ਨਹੀਂ ਦਿਤੀ ਗਈ। ਇਸ ਦੀ ਜਾਣਕਾਰੀ ਮਿਲਣ 'ਤੇ 24 ਮਈ ਨੂੰ ਜਸਵਿੰਦਰ ਦੇ ਪਰਵਾਰ ਨੇ ਸੰਤ ਸੀਚੇਵਾਲ ਨਾਲ ਸੰਪਰਕ ਕੀਤਾ। ਸੰਤ ਸੀਚੇਵਾਲ ਨੇ ਤੁਰਤ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਵਿਦੇਸ਼ ਮੰਤਰਾਲੇ ਨੂੰ ਪੱਤਰ ਰੰਜਿਆ ਅਤੇ ਸਫਾਰਤਖ਼ਾਨੇ ਨਾਲ ਸੰਪਰਕ ਕੀਤਾ। ਉਨ੍ਹਾਂ ਦੇ ਸਰਗਰਮ ਯਤਨਾਂ ਅਤੇ ਤੁਹਫ਼ ਚਲਨੇਦਾਜ਼ੀ ਸਦਕਾ ਭਾਰਤੀ ਦੂਤਾਵਾਸ ਨੇ ਤੇਜ਼ ਕਾਰਵਾਈ ਕਰਦੇ ਹੋਏ ਜਸਵਿੰਦਰ ਸਿਘ ਨੂੰ ਹਿਰਾਸਤ ਵਿਚੋਂ ਰਿਹਾਅ ਕਰਵਾਇਆ। ਨਾਲ ਹੀ ਉਸਦਾ ਰੋਕਿਆ ਗਿਆ ਪਾਸਪੋਰਟ ਵੀ ਵਾਪਸ ਦਿਵਾਇਆ ਗਿਆ ਅਤੇ ਇਕ ਹਫ਼ਤੇ ਦੇ ਅੰਦਰ-ਅੰਦਰ ਉਸ ਨੂੰ ਸੁਰੱਖਿਅਤ ਤੌਰ 'ਤੇ ਭਾਰਤ ਭੇਜਿਆ ਗਿਆ।

ਕਾਰਨ ਬਣਦੀ ਹੈ। ਉਸ ਨੇ ਦਸਿਆ ਕਿ ਉਹ ਵੀ ਜਨਵਰੀ 2025 ਵਿਚ ਟੂਰਿਸਟ ਵੀਜ਼ੇ 'ਤੇ ਮੌਰੀਸ਼ਸ ਗਿਆ ਸੀ। ਉਥੇ ਪਹੁੰਚਦਿਆਂ ਹੀ ਏਜੰਟ ਦੇ ਪ੍ਰਬੰਧਕਾਂ ਨੇ ਉਸ ਦਾ ਪਾਸਪੋਰਟ ਖੋਹ ਲਿਆ। ਟੂਰਿਸਟ ਵੀਜ਼ੇ ਨੂੰ ਵਰਕ ਵੀਜ਼ੇ ਵਿਚ ਬਦਲਣ ਦਾ ਏਜੰਟ ਨੇ ਲਾਰਾ ਲਾਈ ਰਖਿਆ। ਜਦੋਂ ਤਕ ਕੰਪਨੀ ਕੋਲ ਕੰਮ ਸੀ ਉਹ ਕੰਮ ਕਰਵਾਉਂਦੀ ਰਹੀ ਮਗਰੋਂ ਉਸਨੂੰ ਕੱਢ ਦਿਤਾ ਗਿਆ। ਕੰਪਨੀ ਵਿਚ ਕੰਮ ਮੁਕਣ ਤੋਂ ਬਾਅਦ ਉਸ ਨੂੰ ਪਾਸਪੋਰਟ ਵਾਪਸ ਕਰਨ ਤੋਂ ਇਨਕਾਰ ਕਰ ਦਿਤਾ ਗਿਆ, ਜਿਸ ਕਾਰਨ ਉਹ ਬਿਨਾਂ ਦਸਤਾਵੇਜ਼ਾਂ ਦੇ ਓਵਰ ਸਟੇਅ ਦੀ ਸਥਿਤੀ ਵਿਚ ਆ ਗਿਆ। ਇਸੇ ਦੌਰਾਨ ਸਥਾਨਕ ਪੁਲਿਸ ਵਲੋਂ ਉਸ ਨੂੰ ਪਿਆਸ ਵਿਚ ਲੈ ਲਿਆ ਗਿਆ ਅਤੇ ਲਗਭਗ 15 ਤੋਂ 20 ਦਿਨ ਤਕ ਉਸਦਾ ਅਪਣੇ ਪਰਵਾਰ ਨਾਲ ਸੰਪਰਕ ਵੀ ਟੁੱਟ ਗਿਆ। ਕੰਮ ਦੌਰਾਨ ਉਸਦਾ ਪਾਸਪੋਰਟ ਕੰਪਨੀ ਵਲੋਂ ਜ਼ਬਤ ਕਰ ਲਿਆ ਗਿਆ ਅਤੇ ਉਸ ਨੂੰ ਲਗਾਤਾਰ ਛੇ ਮਹੀਨੇ ਤਕ ਟੂਰਿਸਟ ਵੀਜ਼ਾ ਵਧਾ ਕੇ 14-14 ਘੰਟੇ ਕੰਮ ਕਰਵਾਇਆ ਜਾਂਦਾ ਰਿਹਾ। ਇਸ ਦੌਰਾਨ ਇਕ ਮਹੀਨੇ ਦੀ ਤਨਖ਼ਾਹ (ਲਗਭਗ 30 ਹਜ਼ਾਰ ਰੁਪਏ) ਵੀ ਨਹੀਂ ਦਿਤੀ ਗਈ। ਇਸ ਦੀ ਜਾਣਕਾਰੀ ਮਿਲਣ 'ਤੇ 24 ਮਈ ਨੂੰ ਜਸਵਿੰਦਰ ਦੇ ਪਰਵਾਰ ਨੇ ਸੰਤ ਸੀਚੇਵਾਲ ਨਾਲ ਸੰਪਰਕ ਕੀਤਾ। ਸੰਤ ਸੀਚੇਵਾਲ ਨੇ ਤੁਰਤ ਮਾਮਲੇ ਨੂੰ ਗੰਭੀਰਤਾ ਨਾਲ ਲੈਂਦਿਆਂ ਵਿਦੇਸ਼ ਮੰਤਰਾਲੇ ਨੂੰ ਪੱਤਰ ਰੰਜਿਆ ਅਤੇ ਸਫਾਰਤਖ਼ਾਨੇ ਨਾਲ ਸੰਪਰਕ ਕੀਤਾ। ਉਨ੍ਹਾਂ ਦੇ ਸਰਗਰਮ ਯਤਨਾਂ ਅਤੇ ਤੁਹਫ਼ ਚਲਨੇਦਾਜ਼ੀ ਸਦਕਾ ਭਾਰਤੀ ਦੂਤਾਵਾਸ ਨੇ ਤੇਜ਼ ਕਾਰਵਾਈ ਕਰਦੇ ਹੋਏ ਜਸਵਿੰਦਰ ਸਿਘ ਨੂੰ ਹਿਰਾਸਤ ਵਿਚੋਂ ਰਿਹਾਅ ਕਰਵਾਇਆ। ਨਾਲ ਹੀ ਉਸਦਾ ਰੋਕਿਆ ਗਿਆ ਪਾਸਪੋਰਟ ਵੀ ਵਾਪਸ ਦਿਵਾਇਆ ਗਿਆ ਅਤੇ ਇਕ ਹਫ਼ਤੇ ਦੇ ਅੰਦਰ-ਅੰਦਰ ਉਸ ਨੂੰ ਸੁਰੱਖਿਅਤ ਤੌਰ 'ਤੇ ਭਾਰਤ ਭੇਜਿਆ ਗਿਆ।

ਪੰਜਾਬ 'ਚ ਯੁੱਧ ਨਸ਼ਿਆਂ ਵਿਰੁਧ ਮੁਹਿਮ ਬਣੀ ਲੋਕ ਲਹਿਰ: ਡਾ. ਬਲਬੀਰ ਸਿੰਘ

ਯੁੱਧ ਨਸ਼ਿਆਂ ਵਿਰੁਧ ਮੁਹਿਮ ਤਹਿਤ ਦੂਜੇ ਪੜਾਅ ਦੇ ਸਮਾਗਮ ਵਿਚ ਸ਼ਿਰਕਤ ਕਰਦੇ ਹੋਏ ਸਿਹਤ ਮੰਤਰੀ ਡਾ. ਬਲਬੀਰ ਸਿੰਘ।

ਪਟਿਆਲਾ, 6 ਜੂਨ (ਤਪਿੰਦਰ ਸਿੰਘ) : ਪੰਜਾਬ ਸਰਕਾਰ ਵਲੋਂ ਨਸ਼ਿਆਂ ਵਿਰੁਧ ਚਲਾਈ ਜਾ ਰਹੀ ਮੁਹਿੰਮ ਨੂੰ ਹੋਰ ਮਜ਼ਬੂਤ ਕਰਦਿਆਂ ਸਿਹਤ ਤੇ ਪਰਵਾਰ ਭਲਾਈ ਮੰਤਰੀ ਡਾ. ਬਲਬੀਰ ਸਿਘ ਨੇ ਕਿਹਾ ਕਿ "ਯੁੱਧ ਨਸ਼ਿਆਂ ਵਿਰੁਧ" ਦੇ ਦੂਜੇ ਪੜਾਅ ਦੌਰਾਨ ਇਹ ਮੁਹਿੰਮ ਪੰਜਾਬ ਵਿਚ ਹੁਣ ਲੋਕ ਲਹਿਰ ਦਾ ਰੂਪ ਧਾਰ ਚੁਕੀ ਹੈ। ਉਨ੍ਹਾਂ ਕਿਹਾ ਕਿ ਇਸ ਮੁਹਿੰਮ ਨੂੰ ਲੋਕਾਂ ਵਲੋਂ ਵਗੀ ਅਥਵਥਨ ਮਿਲ ਰਿਹਾ ਹੈ, ਜੋ ਇਸਦੀ ਸਫ਼ਲਤਾ ਦਾ ਸਭ ਤੋਂ ਵੱਡਾ ਸਬੂਤ ਹੈ। ਡਾ. ਬਲਬੀਰ ਸਿਘ ਨੇ ਕਿਹਾ ਕਿ ਨਸ਼ਾ ਇਕ ਬਿਮਾਰੀ ਹੈ ਅਤੇ ਜਿਵੇਂ ਹਰ ਬਿਮਾਰੀ ਦਾ ਇਲਾਜ ਸੰਭਵ ਹੁੰਦਾ ਹੈ, ਉਸੇ ਤਰ੍ਹਾਂ ਨਸ਼ੇ ਦਾ ਇਲਾਜ ਵੀ ਪੂਰੀ ਤਰ੍ਹਾਂ ਸੰਭਵ ਹੈ। ਉਨ੍ਹਾਂ ਦਿਹਤਾਰ ਨਾਲ ਕਿਹਾ ਕਿ ਸਰਕਾਰ ਨਸ਼ੇ ਕਰਦੇ ਨੌਜਵਾਨਾਂ ਨੂੰ ਮੁਫ਼ਤ ਸਾਰਥਕ ਅਤੇ ਮੁੱਢ ਪਾਰਾ ਵਿਚ ਲਿਆਉਣ ਲਈ ਵਚਨਬੰਧ ਹੈ। ਉਨ੍ਹਾਂ ਦਸਿਆ ਕਿ ਲੋਕਾਂ ਦੀ ਸਹੂਲਤ ਲਈ ਈ-ਰਿਕਸ਼ਿਆਂ ਵਿਚ ਲਗਾਏ ਗਏ ਸ਼ਿਕਾਇਤ ਬਕਸਿਆਂ ਦਾ ਕਾਫ਼ੀ ਵਧੀਆ ਨਤੀਜਾ ਸਾਹਮਣੇ ਆਇਆ ਹੈ। ਇਨ੍ਹਾਂ ਬਕਸਿਆਂ ਰਾਹੀਂ ਲੋਕ ਜਿਨਾਂ ਕਿਸੇ ਡਰ ਦੇ ਨਸ਼ਿਆਂ ਨਾਲ ਸਬੰਧਤ ਸ਼ਿਕਾਇਤਾਂ ਦਰਜ ਕਰਵਾ ਰਹੇ ਹਨ। ਡਾ. ਬਲਬੀਰ ਸਿਘ ਨੇ ਅੰਤ ਵਿਚ ਕਿਹਾ ਕਿ ਇਹ ਮੁਹਿੰਮ ਸਿਰਫ਼ ਸਰਕਾਰ ਦੀ ਨਹੀਂ, ਸਗੋਂ ਹਰ ਪੰਜਾਬੀ ਦੀ ਜ਼ਿੰਮੇਵਾਰੀ ਹੈ। ਜੋਕਰ ਸਾਰਾ ਸਮਾਜ ਇਕੱਠੇ ਹੋ ਕੇ ਇਸ ਦਾ ਸਾਥ ਦੇਵਗੀ ਵਿਰੁਧ ਖੜਾ ਹੋਵੇ, ਤਾਂ ਨਸ਼ਾ ਮੁਕਤ ਪੰਜਾਬ ਦਾ ਸੁਪਨਾ ਜ਼ਰੂਰ ਸਾਕਾਰ ਹੋਵੇਗਾ। ਇਸ ਮੌਕੇ ਐਸ ਡੀ ਐਮ ਗੁਰਮੇਲ ਸਿੰਘ ਧੀਮ, ਕੌਂਸਲਰ ਸਸਬੀਰ ਗਾਂਧੀ, ਦੇਵਿੰਦਰ ਕੌਰ, ਸੰਦੀਪ ਕੁਮਾਰ, ਜਤਿੰਦਰ ਕੌਰ ਸਮੇਤ ਕਈ ਲਈ ਮੌਜੂਦ ਸਨ।

ਪ੍ਰੇਮੀ ਨੇ ਕਤਲ ਕੀਤੀ ਪ੍ਰੇਮਿਕਾ ਦੀ ਧੀ, ਅਟੈਚੀ 'ਚ ਲਾਸ਼ ਪਾ ਕੇ ਜੰਗਲਾਂ ਵਿਚ ਸੁੱਟੀ

ਨਵਾਂਸ਼ਹਿਰ, 6 ਜੂਨ (ਪਮ) : ਨਵਾਂਸ਼ਸਿਹਰ 'ਚ ਇਕ ਆਸ਼ਿਕ ਨੇ ਆਪਣੀ ਪ੍ਰੇਮਿਕਾ ਦੀ ਧੀ ਦਾ ਬੇਰਹਿਮੀ ਨਾਲ ਕਤਲ ਕਰ ਦਿਤਾ। ਜਿਸ ਤੋਂ ਬਾਅਦ ਲਾਸ਼ ਨੂੰ ਇਕ ਅਟੈਚੀ ਨੂੰ ਪਾ ਕੇ ਜੰਗਲਾਂ ਵਿਚ ਸੁੱਟ ਦਿਤਾ ਤੇ ਅੱਗ ਲਗਾ ਦਿਤੀ। ਪੁਲਿਸ ਨੇ ਪ੍ਰੇਮ ਸਬੰਧਾਂ 'ਚ ਅੜਿੱਕਾ ਬਣ ਰਹੀ 16 ਸਾਲਾ ਨਾਬਾਲਗ਼ ਕੁੜੀ ਦੇ ਕਾਤਲ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਐਸ. ਐਸ. ਪੀ. ਤੁਸ਼ਾਰ ਗੁਪਤਾ ਨੇ ਦਸਿਆ ਕਿ 2 ਜੂਨ ਨੂੰ ਮੁਕਾਰ ਕੁੜੀ ਦੀ ਮਾਂ ਨੇ ਪੁਲਿਸ ਨੂੰ ਸ਼ਿਕਾਇਤ ਦਿਤੀ ਸੀ ਕਿ ਜਦੋਂ ਉਹ 29 ਮਈ ਨੂੰ ਕੰਮ 'ਤੇ ਗਈ ਸੀ ਤਾਂ ਕੋਈ ਅਨਾਪਛਾਤਾ ਬਿਸਕਰੀ ਉਸ ਦੀ ਨਾਬਾਲਗ਼ ਕੁੜੀ ਨੂੰ ਵਿਆਹ ਦਾ ਝਾਂਸਾ ਦੇ ਕੇ ਅਪਣੇ ਨਾਲ ਲੈ ਗਿਆ ਹੈ। ਜਿਸ 'ਤੇ ਪੁਲਿਸ ਨੇ ਕਾਰਵਾਈ ਸ਼ੁਰੂ ਕਰ ਦਿਤੀ ਸੀ। ਉਨ੍ਹਾਂ ਦਸਿਆ ਕਿ ਤਫ਼ਤੀਸ਼ ਦੌਰਾਨ ਸ਼ੱਕੀ ਗੁਰਵਿੰਦਰ ਸਿਘ ਉਰਫ਼ ਗੁਰਪ੍ਰੀਤ ਉਰਫ਼ ਗੋਪਾ ਪੁੱਤਰ ਗੁਰਨਾਮ ਸਿਘ ਵਾਸੀ ਪਿੰਡ ਜਾਡਲੀ ਥਾਣਾ ਬਲਾਚੌਰ ਦਾ ਨਾਮ ਸਾਹਮਣੇ ਆਉਣ 'ਤੇ ਉਸ ਨੂੰ ਹਿਰਾਸਤ ਵਿਚ ਲੈ ਕੇ ਜਦੋਂ ਪੂੱਛਗਿੱਛ ਕੀਤੀ ਤਾਂ ਉਸ ਨੇ ਕਬੂਲ ਕੀਤਾ ਕਿ ਉਸ ਨੇ ਲੜਕੀ ਦਾ 29 ਮਈ ਨੂੰ ਗਲਾ ਘੁੱਟ ਕੇ ਕਤਲ ਕਰ ਦਿਤਾ ਸੀ ਅਤੇ ਲਾਸ਼ ਨੂੰ ਮੁਹਦ-ਬੁਰਦ ਕਰਨ ਲਈ ਅਟੈਚੀ ਵਿਚ ਪਾ ਕੇ ਗੜ੍ਹਸ਼ੰਕਰ ਦੇ ਪਿੰਡ ਖੁਰਲਗੜ੍ਹ ਦੇ ਜੈਗਲਾਂ ਵਿਚ ਲੈ ਜਾ ਕੇ ਸਾੜ ਦਿਤਾ। ਐਸ. ਐਸ. ਪੀ. ਨੇ ਦਸਿਆ ਕਿ ਸਣੀ ਹੋਈ ਲਾਸ਼ ਦਾ ਪਿਜਰ ਪੁਲਿਸ ਨੇ ਬਰਾਮਦ ਕਰ ਲਿਆ ਹੈ। ਜਿਸ ਦਾ ਪੋਸਟਮਾਰਟਮ ਕਰਵਾਇਆ ਜਾਵੇਗਾ। ਪੁੱਛਗਿੱਛ ਦੌਰਾਨ ਮੁਲਜ਼ਮ ਨੇ ਮੰਨਿਆ ਉਸ ਦੇ ਮੁਕਤਰਾ ਦੀ ਮਾਂ ਉਸ਼ਾ ਰਾਣੀ ਨਾਲ ਪ੍ਰੇਮ ਸਬੰਧ ਸਨ, ਜਿਸ ਕਰ ਕੇ ਉਹ ਉਸ ਦੇ ਘਰ ਆਉਂਦਾ ਜਾਂਦਾ ਸੀ, ਜਿਸ ਨੂੰ ਮੁਕਤਰਾ ਚੰਗਾ ਨਹੀਂ ਸੀ ਸਮਝਦੀ। ਇਸੇ ਕਾਰਨ ਉਸ ਨੇ ਕੁੜੀ ਦਾ ਕਤਲ ਕਰ ਦਿਤਾ। ਮੁਲਜ਼ਮ ਦਾ 4 ਦਿਨ ਦਾ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ।

ਗੁਰਦਾਸਪੁਰ ਸਟੇਟ ਯੂਨੀਵਰਸਿਟੀ 'ਚ ਸ਼ੁਰੂ ਕੀਤੇ ਜਾਣਗੇ ਏਆਈ, ਰੋਬੋਟਿਕਸ ਸਮੇਤ ਪੰਜ ਨਵੇਂ ਕੋਰਸ : ਬੈਂਸ

ਚੰਡੀਗੜ੍ਹ, 6 ਜੂਨ (ਸਸਸ) : ਸੂਬੇ ਵਿਚ ਤਕਨੀਕੀ ਅਤੇ ਪੇਸ਼ੇਵਰ ਸਿੱਖਿਆ ਨੂੰ ਹੁਲਾਰਾ ਦੇਣ ਦੇ ਵਿਆਪਕ ਯਤਨ ਤਹਿਤ ਪੰਜਾਬ ਦੇ ਸਿੱਖਿਆ ਮੰਤਰੀ ਹਰਜੋਤ ਸਿਘ ਬੈਂਸ ਨੇ ਐਲਾਨ ਕੀਤਾ ਕਿ ਸਰਦਾਰ ਬੇਅੰਤ ਸਿੰਘ ਸਟੇਟ ਯੂਨੀਵਰਸਿਟੀ, ਗੁਰਦਾਸਪੁਰ ਵਿਚ ਅਕਾਦਮਿਕ ਸੈਸ਼ਨ 2026-27 ਤੋਂ ਪੰਜ ਨਵੇਂ ਉਦਯੋਗ ਅਤੇ ਹੁਨਰ-ਅਧਾਰਤ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ। ਬੈਂਸ ਨੇ ਕਿਹਾ ਕਿ ਨਵੇਂ ਕੋਰਸਾਂ ਵਿਚ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਅਤੇ ਮਸ਼ੀਨ ਲਰਨਿੰਗ ਵਿਚ ਬੀ.ਟੈਕ, ਰੋਬੋਟਿਕਸ ਅਤੇ ਏਆਈ ਵਿਚ ਬੀ.ਟੈਕ, ਬੀ.ਫਾਰਮੇਸੀ, ਬੀ.ਐਸ.ਸੀ. ਐਗਰੀਕਲਚਰ ਅਤੇ ਐਮ.ਸੀ.ਏ. ਤੇ ਐਮ.ਐਸ.ਸੀ. ਵਿਚ ਪੰਜ ਸਾਲਾ ਇੰਟੀਗ੍ਰੇਟਿਡ ਪ੍ਰੋਗਰਾਮ ਸ਼ਾਮਲ ਹਨ। ਬੈਂਸ ਨੇ ਕਿਹਾ ਕਿ ਇਹ ਕਦਮ ਪੰਜਾਬ ਸਰਕਾਰ ਦੇ ਉਚੇਰੀ ਸਿਖਿਆ ਨੂੰ ਰੋਜ਼ਗਾਰ-ਅਧਾਰਤ ਅਤੇ ਵਿਸ਼ਵ ਪੱਧਰ 'ਤੇ ਮੁਕਾਬਲੇ ਯੋਗ ਬਣਾਉਣ ਦੇ ਕਿਆਪਕ ਦ੍ਰਿਸ਼ਟੀਕੋਣ ਦਾ ਹਿੱਸਾ ਹੈ। ਉਨ੍ਹਾਂ ਅੱਗੇ ਕਿਹਾ "ਧਿਹੁੱਤੀ, ਪ੍ਰੀਖਿਆ ਕੇਂਦ੍ਰਿਤ ਸਿਖਿਆ ਦਾ ਪੁਰਾਣਾ ਮਾਡਲ ਵੇਲਾ ਹੁੱਚਾ ਚੁੱਕਾ ਹੈ, ਜਿਸ ਕਰ ਕੇ ਅਸੀਂ ਇਸਨੂੰ ਵਿਹਾਰਕ ਸਿਖਲਾਈ, ਪ੍ਰਯੋਗਸ਼ਾਲਾ-ਅਧਾਰਤ ਅਤੇ ਅਸਲ-ਜ਼ਿੰਦਗੀ ਦੀਆਂ ਸਮੱਸਿਆਵਾਂ ਦੇ ਹੱਲ ਅਨੁਸਾਰ ਢਾਲ ਰਹੇ ਹਾਂ। ਸਰਦਾਰ ਬੇਅੰਤ ਸਿੰਘ ਯੂਨੀਵਰਸਿਟੀ ਹੁਣ ਸਿਰਫ਼ ਡਿਗਰੀ ਧਾਰਕਾਂ ਦੀ ਨਹੀਂ ਸਗੋਂ ਨਵੀਨ ਵਿਚਾਰਾਂ ਅਤੇ ਨਵੇਂ ਕਾਰੋਬਾਰਾਂ ਦੀ ਸਿਰਜਣਾ ਕਰਨ ਵਾਲੇ ਨੌਜਵਾਨ ਪੈਦਾ ਕਰੇਗੀ।" ਸਿੱਖਿਆ ਮੰਤਰੀ ਨੇ ਕਿਹਾ ਕਿ ਹਰ ਵਿਦਿਆਰਥੀ ਨੂੰ ਇਕ ਸਮੇਨਰ ਦੀ ਇੰਟਰਨਸ਼ਿਪ ਕਰਨੀ ਲਾਜ਼ਮੀ ਹੋਵੇਗੀ ਤਾਂ ਜੋ ਉਹ ਅਸਲ ਕੰਮ ਦੇ ਮਾਹੌਲ ਤੋਂ ਜਾਣੂ ਹੋ ਸਕਣ। ਉਨ੍ਹਾਂ ਦਸਿਆ ਕਿ ਇਹ ਪਹਲ ਵਿਦਿਆਰਥੀਆਂ ਨੂੰ ਉਦਯੋਗ ਦੀ ਲੋੜ ਅਨੁਸਾਰ ਤਿਆਰ ਕਰੇਗੀ ਅਤੇ ਉਨ੍ਹਾਂ ਦੇ ਰੋਜ਼ਗਾਰ ਦੇ ਮੌਕੇ ਵਧਾਏਗੀ। ਉਨ੍ਹਾਂ ਕਿਹਾ ਕਿ ਇਹ ਸਾਰੇ ਕੋਰਸ ਸਰਦਾਰ ਬੇਅੰਤ ਸਿੰਘ ਯੂਨੀਵਰਸਿਟੀ ਦੇ ਅਕਾਦਮਿਕ ਢਾਂਚੇ ਅਨੁਸਾਰ ਢਾਲ ਕੇ ਸ਼ੁਰੂ ਕੀਤੇ ਜਾਣਗੇ ਅਤੇ ਇਹ ਪਹਲ ਸਿਖਿਆ ਨੂੰ ਰੋਜ਼ਗਾਰ-ਅਧਾਰਤ ਅਤੇ ਭਵਿਸ਼ਯ ਦੇ ਉਦਯੋਗ ਦੀ ਲੋੜ ਨਾਲ ਜੋੜੇਗੀ। ਇਸ ਮੌਕੇ ਦਿੱਲੀ ਸਰਕਾਰ ਦੇ ਵਾਤਾਵਰਣ, ਜੰਗਲਾਤ ਅਤੇ ਸੰਗਲੀ ਜੀਵ ਮੰਤਰੀ ਸ. ਮਨਜਿੰਦਰ ਸਿਘ ਸਿਰਸਾ ਵੀ ਉਨ੍ਹਾਂ ਨਾਲ ਮੌਜੂਦ ਸਨ। ਮੁਲਾਕਾਤ ਦੌਰਾਨ ਢਿੱਲੋਂ ਨੇ ਮੁਸ਼ਹਾਲ, ਭਾਈਚਾਰਕ ਸਾਂਝ ਵਾਲੇ ਅਤੇ ਸ਼ਾਸ਼ਾਸ਼ ਪੰਜਾਬ ਦੇ ਨਿਰਮਾਣ ਲਈ ਅਪਣਾ ਵਿਜ਼ਨ ਸਾਂਝਾ ਕੀਤਾ।

ਕੇਵਲ ਢਿੱਲੋਂ ਵਲੋਂ ਦਿੱਲੀ 'ਚ ਮੁਲਾਕਾਤਾਂ ਦਾ ਸਿਲਸਿਲਾ ਜਾਰੀ

ਤੀਜੇ ਦਿਨ ਕੇਂਦਰੀ ਮੰਤਰੀ ਨੱਡਾ ਤੇ ਦਿੱਲੀ ਦੀ ਮੁੱਖ ਮੰਤਰੀ ਨੂੰ ਮਿਲੇ

ਚੰਡੀਗੜ੍ਹ, 6 ਜੂਨ (ਭੱਲਣ): ਪੰਜਾਬ ਦੇ ਨਵ ਨਿਯੁਕਤ ਭਾਜਪਾ ਪ੍ਰਧਾਨ ਕੇਵਲ ਢਿੱਲੋਂ ਵਲੋਂ ਦਿੱਲੀ ਵਿਚ ਜਾ ਕੇ ਕੇਂਦਰੀ ਮੰਤਰੀਆਂ ਤੇ ਵੱਡੇ ਪਾਰਟੀ ਆਗੂਆਂ ਨੂੰ ਮਿਲਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਅਪਣੇ ਦੌਰੇ ਦੇ ਅੱਜ ਤੀਜੇ ਦਿਨ ਉਨ੍ਹਾਂ ਰਾਜ ਸਭਾ ਵਿਚ ਸਦਨ ਦੇ ਨੇਤਾ ਅਤੇ ਕੇਂਦਰੀ ਸਿਹਤ ਮੰਤਰੀ ਜਗਤ ਪ੍ਰਕਾਸ਼ ਨੱਡਾ ਨਾਲ ਸਿਸ਼ਟਾਚਾਰ ਮੁਲਾਕਾਤ ਕੀਤੀ। ਉਹ ਅੱਜ ਦਿੱਲੀ ਦੇ ਮੁੱਖ ਮੰਤਰੀ ਰੇਖਾ ਗੁਪਤਾ ਨੂੰ ਵੀ ਮਿਲੇ। ਢਿੱਲੋਂ ਨੇ ਸਤਵੇਂਦਰ ਖੇਤਰ ਦੀਆਂ ਸਿਹਤ ਸਬੰਧੀ